# ਜੰਗਲੀ ਜੀਵਾਂ ਦਾ ਪ੍ਰਬੰਧ ਕਰਨਾ - ਪੋਸਮ

## ਪੋਸਮਾਂ ਦੀ ਸੁਰੱਖਿਆ ਜੰਗਲੀ ਜੀਵਾਂ ਦੇ 1975 ਦੇ ਕਨੂੰਨ ਅਧੀਨ ਕੀਤੀ ਜਾਂਦੀ ਹੈ। ਭਾਵੇਂ ਸਮੱਸਿਆ ਵਾਲੇ ਪੋਸਮ ਨੂੰ ਦੂਸਰੇ ਥਾਂ ਭੇਜਣਾ ਵਰਜਿਤ ਹੈ, ਪਰ ਦੂਜੇ ਨਿਗਰਾਨੀ ਦੇ ਵਿਕਲਪ ਮੌਜੂਦ ਹਨ।

ਬਹੁਤ ਸਾਰੇ ਵਿਕਟੋਰੀਆ ਦੇ ਵਾਸੀਆਂ ਲਈ, ਪੋਸਮਾਂ ਦੇ ਨਾਲ ਆਪਣੀ ਸੰਪਤੀ ਨੂੰ ਸਾਂਝਾ ਕਰਨਾ ਜੀਵਨ ਦਾ ਇੱਕ ਸੱਚ ਹੈ। ਤੁਹਾਡੇ ਘਰਾਂ ਦੇ ਕੋਲ ਰੁੱਖ ਅਤੇ ਬਾਗ ਇੱਕ ਸੋਧਿਆ ਗਿਆ ਜੰਗਲ ਪ੍ਰਦਾਨ ਕਰਦੇ ਹਨ ਜੋ ਕਿ ਉਹਨਾਂ ਦੇ ਕੁਦਰਤੀ ਰਿਹਾਇਸ਼ ਦੇ ਸਮਾਨ ਹੈ।

ਤੁਹਾਡੇ ਘਰ ਦੀ ਛੱਤ ਉਤੇ ਇੱਕ ਪੋਸਮ ਜਾਂ ਜੇ ਕੋਈ ਤੁਹਾਡੇ ਫੁੱਲਾਂ ਨੂੰ ਖਾ ਰਿਹਾ ਹੈ ਤੇ ਤੁਹਾਨੂੰ ਬਹੁਤ ਪਰੇਸ਼ਾਨੀ ਹੋ ਸਕਦੀ ਹੈ ਪਰ ਲੋਕ ਅਤੇ ਪੋਸਮ ਸਫਲਤਾਪੂਰਵਕ ਇਕੱਠੇ ਰਹਿ ਸਕਦੇ ਹਨ।

ਇਸ ਤੱਥ ਸ਼ੀਟ ਨੂੰ ਪੜ੍ਹੋ ਜਾਂ ਡਾਊਨਲੋਡ ਕਰੋ ਤਾਂ ਜੋ ਤੁਸੀਂ ਇਹ ਸਿੱਖ ਸਕੋ ਕਿ ਤੁਹਾਡੀ ਛੱਤ ਜਾਂ ਬਾਗ ਦੇ ਵਿਚ ਆਮ ਬੁਸ਼ ਟੇਲ ਪੋਸਮ ਦਾ ਪ੍ਰਬੰਧ ਕਿਵੇਂ ਕੀਤਾ ਜਾ ਸਕਦਾ ਹੈ।

ਪੋਸਮ ਨੂੰ ਭੋਜਨ ਨਾ ਦਿਓ। ਪੋਸਮ ਦੇ ਲਈ ਮਨੁੱਖੀ ਭੋਜਨ ਖਤਰਨਾਕ ਹੋ ਸਕਦਾ ਹੈ ਅਤੇ ਗੰਭੀਰ ਭੋਜਨ ਸੰਬੰਧੀ ਅਸੰਤੁਲਨ ਹੋ ਸਕਦਾ ਹੈ।

ਪੋਸਮ ਦੇਸੀ ਅਤੇ ਵਿਲੱਖਣ ਰੁੱਖਾਂ ਅਤੇ ਪੌਦਿਆਂ ਦੀ ਇੱਕ ਵਿਆਪਕ ਸੀਮਾ ਦੇ ਪੱਤੇ, ਫੁੱਲ ਅਤੇ ਫਲ ਖਾਂਦੇ ਹਨ। ਆਮ ਬੁਸ਼ ਟੇਲ ਪੋਸਮ ਘਾਹ, ਫਫੂੰਦ, ਪੰਛੀਆਂ ਦੇ ਆਂਡੇ ਅਤੇ ਪੰਛੀਆਂ ਦੇ ਬੱਚੇ ਵੀ ਖਾ ਸਕਦੇ ਹਨ।

## ਆਮ ਬਰੱਸ਼ ਟੇਲ ਪੋਸਮ



ਆਮ ਬਰੱਸ਼ ਟੇਲ ਪੋਸਮ (Trichosurus vulpecula) ਤਕਰੀਬਨ ਇੱਕ ਬਿੱਲੀ ਦੇ ਆਕਾਰ ਦਾ ਹੁੰਦਾ ਹੈ। ਇਸਦੇ ਵੱਡੇ ਤਿੱਖੇ ਕੰਨ, ਸਲੇਟੀ ਜੱਤ ਅਤੇ ਇੱਕ ਝਾੜੀ ਵਰਗੀ ਕਾਲੀ ਪੂਛ ਹੁੰਦੀ ਹੈ। ਬਰੱਸ਼ ਟੇਲ ਪੋਸਮ ਦਾ ਇੱਕ ਬੱਚਾ ਪੱਤਝੜ ਜਾਂ ਬਸੰਤ ਦੇ ਮੌਸਮ ਵਿਚ ਹੁੰਦਾ ਹੈ। ਬੱਚਾ ਤਕਰੀਬਨ ਛੇ ਮਹੀਨਿਆਂ ਦੇ ਲਈ ਝੋਲੀ ਦੇ ਵਿਚ ਰਹਿੰਦਾ ਹੈ, ਇੱਕ ਤੋਂ ਦੋ ਮਹੀਨੇ ਤੱਕ ਆਪਣੀ ਮਾਂ ਦੀ ਪਿੱਠ ਤੇ ਰਹਿੰਦਾ ਹੈ ਜਦੋਂ ਤੱਕ ਉਹ ਕਾਬਿਲ ਨਹੀਂ ਹੋ ਜਾਂਦਾ ਅਤੇ 7-16 ਮਹੀਨਿਆਂ ਤੱਕ ਮਾਂ ਦੇ ਘੁਰਨੇ ਨੂੰ ਛੱਡ ਦਿੰਦੇ ਹਨ।

## ਆਮ ਰਿੰਗਟੇਲ ਪੋਸਮ



ਆਮ ਰਿੰਗ ਟੇਲ ਪੋਸਮ (Pseudocheirus peregrinus) ਬਰੱਸ਼ ਟੇਲ ਤੋਂ ਬਹੁਤ ਛੋਟਾ ਹੁੰਦਾ ਹੈ, ਤਕਰੀਬਨ ਬਿੱਲੀ ਦੇ ਆਕਾਰ ਤੋਂ ਅੱਧਾ ਹੁੰਦਾ ਹੈ। ਰਿੰਗ ਟੇਲ ਪੋਸਮ ਦੇ ਗੋਲ ਕੰਨ ਹੁੰਦੇ ਹਨ, ਜੰਗਾਲੇ ਪਾਸਿਆਂ ਦੇ ਨਾਲ ਇੱਕ ਸਲੇਟੀ ਪਿੱਠ ਹੁੰਦੀ ਹੈ ਅਤੇ ਸਫੇਦ ਨੋਕ ਦੇ ਨਾਲ ਇੱਕ ਗੁੱਛੇ ਵਾਲੀ ਪੂਛ ਹੁੰਦੀ ਹੈ। ਇਹਨਾਂ ਦੇ ਇੱਕ ਤੋਂ ਤਿੰਨ ਬੱਚੇ ਹੁੰਦੇ ਹਨ ਜੋ ਜ਼ਿਆਦਾਤਰ ਜੌੜੇ ਹੁੰਦੇ ਹਨ ਅਤੇ ਇਹਨਾਂ ਦਾ ਜਨਮ ਪਤਝੜ ਜਾਂ ਸਰਦੀ ਦੇ ਮੌਸਮ ਦੇ ਵਿਚ ਹੁੰਦਾ ਹੈ। ਰਿੰਗ ਟੇਲ ਪੋਸਮ ਪੱਤਿਆਂ ਅਤੇ ਟਾਹਣੀਆਂ ਦੇ ਇੱਕ ਆਲ੍ਹਣੇ ਦਾ ਨਿਰਮਾਣ ਕਰਦੇ ਹਨ ਜਿਸਨੂੰ ਡਰੇਅ ਕਿਹਾ ਜਾਂਦਾ ਹੈ ਜੋ ਕਿ ਜ਼ਮੀਨ ਤੋਂ ਕਾਫੀ ਮੀਟਰ ਉੱਤੇ ਹੁੰਦੇ ਹੈ। ਇਹ ਘਰਾਂ ਦੇ ਵਿਚ ਬਹੁਤ ਘੱਟ ਪ੍ਰਵੇਸ਼ ਕਰਦੇ ਹਨ।

Victoria State Government | Environment, Land, Water and Planning

## ਇਮਾਰਤਾਂ ਦੇ ਵਿਚ ਰਹਿਣ ਵਾਲੇ ਪੋਸਮ

ਪੋਸਮ ਦੀ ਸੁਰੱਖਿਆ ਜੰਗਲੀ ਜੀਵਾਂ ਦੇ 1975 ਦੇ ਕਨੂੰਨ ਦੇ ਅਧੀਨ ਕੀਤੀ ਗਈ ਹੈ। ਪੋਸਮ ਨੂੰ ਕਿਸੇ ਤਰੀਕੇ ਦੇ ਨਾਲ ਨੁਕਸਾਨ ਨਹੀਂ ਪਹੁੰਚਾਉਣਾ ਚਾਹੀਦਾ ਜਾਂ DELWP ਦੀ ਪ੍ਰਵਾਨਗੀ ਤੋਂ ਬਿਨਾਂ ਨਹੀਂ ਰੱਖਣਾ ਚਾਹੀਦਾ ਹੈ।

ਪੋਸਮ ਨੂੰ ਨੁਕਸਾਨ ਪਹੁੰਚਾਉਣਾ ਜਾਂ ਤੰਗ ਕਰਨਾ ਗੈਰ ਕਾਨੂੰਨੀ ਹੈ। ਹਾਲਾਂਕਿ, ਇਮਾਰਤਾਂ, ਨਗਰ ਪਾਲਿਕਾਵਾਂ ਦੇ ਪਾਰਕਾਂ ਅਤੇ ਨਗਰਪਾਲਿਕਾ ਦੇ ਬਾਗਾਂ ਦੇ ਵਿਚ ਰਹਿਣ ਵਾਲੇ ਆਮ ਬਰੱਸ਼ ਟੇਲ ਪੋਸਮ ਨੂੰ ਕੰਟਰੋਲ ਕੀਤਾ ਜਾ ਸਕਦਾ ਹੈ।

ਉਸੇ ਸੰਪਤੀ ਤੇ ਵਾਪਸ ਛੱਡਣ ਜਾਂ ਜਾਨੋਂ ਮਾਰ ਦੇਣ ਲਈ ਦੇ ਲਈ ਰਜਿਸਟਰਡ ਪਸ਼ੂਆਂ ਦੇ ਡਾਕਟਰ ਦੇ ਕੋਲ ਲੈਕੇ ਜਾਣ ਦੇ ਉਦੇਸ਼ ਲਈ ਇਮਾਰਤਾਂ ਦੇ ਵਿਚ ਰਹਿਣ ਵਾਲੇ ਆਮ ਬਰੱਸ਼ ਟੇਲ ਪੋਸਮ ਨੂੰ ਫੜਨ ਦੀ ਇਜਾਜ਼ਤ ਦਿੱਤੀ ਗਈ ਹੈ।

ਆਮ ਰਿੰਗ ਟੇਲ ਪੋਸਮ ਆਮ ਤੌਰ ਤੇ ਇਮਾਰਤਾਂ ਦੇ ਵਿਚ ਨਹੀਂ ਰਹਿੰਦੇ ਹਨ ਜਾਂ ਨਗਰ ਪਾਲਿਕਾਵਾਂ ਦੇ ਪਾਰਕਾਂ ਨੂੰ ਨੁਕਸਾਨ ਨਹੀਂ ਪਹੁੰਚਾਉਂਦੇ ਹਨ। ਬਿਨਾਂ ਮਨਜ਼ੂਰੀ ਦੇ ਇੱਕ ਰਿੰਗ ਟੇਲ ਪੋਸਮ ਨੂੰ ਫੜ੍ਹਨਾ ਗੈਰ ਕਾਨੂੰਨੀ ਹੈ।

ਇਮਾਰਤਾਂ ਦੇ ਵਿਚ ਰਹਿਣ ਵਾਲੇ ਆਮ ਬਰੱਸ਼ ਟੇਲ ਪੋਸਮ ਨੂੰ ਫੜ੍ਹਨ ਦੀ ਪ੍ਰਵਾਨਗੀ ਲੈਣ ਦੇ ਲਈ ਇੱਕ ਗਵਰਨਰ ਇਨ ਕੌਂਸਲ ਆਦੇਸ਼ ਦਿੱਤਾ ਗਿਆ ਸੀ ਤਾਂ ਜੋ ਉਹਨਾਂ ਨੂੰ ਉਸੇ ਸੰਪਤੀ ਤੋਂ ਛੱਡਿਆ ਜਾ ਸਕੇ ਜਾਂ ਜਾਨੋਂ ਮਾਰ ਦੇਣ ਲਈ ਦੇ ਲਈ ਇੱਕ ਰਜਿਸਟਰਡ ਪਸ਼ੂਆਂ ਦੇ ਡਾਕਟਰ ਕੋਲ ਲੈਕੇ ਜਾਇਆ ਜਾ ਸਕੇ। ਇਹ ਨਗਰ ਪਾਲਿਕਾ ਦੇ ਪਾਰਕਾਂ ਦੇ ਵਿਚ ਪੋਸਮ ਪ੍ਰਬੰਧ ਨੂੰ ਮਨਜ਼ੂਰੀ ਦਿੰਦੇ ਹਨ।

## ਆਮ ਬਰੱਸ਼ ਟੇਲ ਪੋਸਮ ਨੂੰ ਫੜ੍ਹਨਾ

ਪੋਸਮਾਂ ਦੇ ਲਈ ਕਾਬੂ ਕਰਨਾ ਇੱਕ ਬਹੁਤ ਹੀ ਮੁਸ਼ਕਲ ਭਰਿਆ ਅਨੁਭਵ ਹੁੰਦਾ ਹੈ। ਇਮਾਰਤਾਂ ਦੇ ਵਿਚ ਰਹਿਣ ਵਾਲੇ ਬਰੱਸ਼ ਟੇਲ ਪੋਸਮਾਂ ਨੂੰ ਫੜ੍ਹਨ ਦੇ ਲਈ ਹੇਠ ਲਿਖੇ ਹਾਲਾਤ, ਸੀਮਾਵਾਂ ਅਤੇ ਪ੍ਰਤਿਬੰਧ ਲਾਗੂ ਹੁੰਦੇ ਹਨ:

### ਆਮ ਬਰੱਸ਼ ਟੇਲ ਪੋਸਮਾਂ ਨੂੰ ਕੌਣ ਫੜ੍ਹ ਸਕਦੇ ਹਨ?

- ਘਰਾਂ ਦੇ ਮਾਲਕ ਜਾਂ ਉਥੇ ਰਹਿਣ ਵਾਲੇ ਅਤੇ ਉਹਨਾਂ ਦੇ ਪਰਿਵਾਰਾਂ ਦੇ ਜੀਅ
- ਇਮਾਰਤ ਪ੍ਰਬੰਧਕ ਜਾਂ ਉਹਨਾਂ ਦਾ ਸਟਾਫ
- DELWP ਲਾਈਸੰਸ ਧਾਰੀ ਜੰਗਲੀ ਜੀਵ ਨਿਗਰਾਨ

### ਫੜ੍ਹਨ ਦੀਆਂ ਜ਼ਰੂਰਤਾਂ

- ਜਖਮ ਤੋਂ ਬਚਾਉਣ ਦੇ ਲਈ ਇੱਕ ਫੜ੍ਹਨ ਵਾਲੇ ਪਿੰਜਰੇ ਨੂੰ ਡਿਜ਼ਾਈਨ ਕਰਨਾ ਚਾਹੀਦਾ ਹੈ।
- ਇੱਕ ਉਚਿਤ ਬਣਾਵਟ ਹੈ ਇੱਕ ਤਾਰ ਦੀ ਜਾਲੀ ਦਾ ਡੱਬਾ ਜਿਸ ਵਿਚ ਜਾਲੀ 19 ਮਿਲੀ ਮੀਟਰ ਵਰਗ ਤੋਂ ਘੱਟ ਹੁੰਦੀ ਹੈ। ਜੇ ਇੱਕ ਵੱਡੀ ਜਾਲੀ ਦੇ ਨਾਲ ਇੱਕ ਪਿੰਜਰੇ ਦਾ ਇਸਤੇਮਾਲ ਕੀਤਾ ਜਾਂਦਾ ਹੈ ਤੇ ਜਾਲੀ ਦੇ ਰਾਹੀਂ ਧੱਕ ਕੇ ਪੋਸਮਾਂ ਦੇ ਨੱਕ ਨੂੰ ਗੰਭੀਰ ਨੁਕਸਾਨ ਹੋ ਸਕਦਾ ਹੈ।
- ਇੱਕ ਸੰਤੁਲਿਤ ਸਤਹਿ ਵਾਲੀ ਸਥਿਤੀ ਵਿੱਚ ਪਿੰਜਰਿਆਂ ਨੂੰ ਲਗਾਉਣਾ ਚਾਹੀਦਾ ਹੈ ਤਾਂ ਜੋ ਕੁੱਤਿਆਂ, ਬਿੱਲੀਆਂ, ਹਵਾ, ਬਾਰਿਸ਼ ਅਤੇ ਸਿੱਧੀ ਧੁੱਪ ਤੋਂ ਹਰ ਸਮੇਂ ਤੇ ਸੁਰੱਖਿਆ ਪ੍ਰਦਾਨ ਕੀਤੀ ਜਾ ਸਕੇ।
- ਕੁਝ ਸਥਾਨਕ ਕੌਂਸਲਾਂ ਤੋਂ ਉਧਾਰੇ ਲੈਣ ਦੇ ਲਈ ਜਾਂ ਕਿਰਾਏ ਤੇ ਲੈਣ ਦੇ ਲਈ ਪੋਸਮ ਪਿੰਜਰੇ ਮੌਜੂਦ ਹੁੰਦੇ ਹਨ।

### ਪਿੰਜਰਿਆਂ ਦੇ ਹਾਲਾਤ

- ਸੂਰਜ ਨਿਕਲਣ ਤੋਂ ਬਾਅਦ ਸਾਰੇ ਪਿੰਜਰਿਆਂ ਦੀ ਦੋ ਘੰਟਿਆਂ ਬਾਅਦ ਜਾਂਚ ਹੋਣੀ ਚਾਹੀਦੀ ਹੈ।
- ਫੜ੍ਹੇ ਗਏ ਪੋਸਮਾਂ ਨੂੰ ਇੱਕ ਪਿੰਜਰੇ ਦੇ ਵਿਚ ਇੱਕ ਸ਼ਾਂਤ ਸਥਾਨ ਤੇ ਰੱਖਣਾ ਚਾਹੀਦਾ ਹੈ ਅਤੇ ਇੱਕ ਕੱਪੜੇ ਜਾਂ ਝੋਲੇ ਦੇ ਨਾਲ ਢੱਕਣਾ ਚਾਹੀਦਾ ਹੈ।

- ਪੋਸਮ ਪਿੰਜਰੇ ਦੀ ਜਾਲੀ 19mm ਤੋਂ ਜ਼ਿਆਦਾ ਨਹੀਂ ਹੋਣਾ ਚਾਹੀਦੀ। ਪਿੰਜਰਾ 260mm ਉੱਚਾ , 540mm ਲੰਬਾ ਅਤੇ ਘੱਟੋ ਘੱਟ 260mm ਚੌੜਾ ਹੋਣਾ ਚਾਹੀਦਾ ਹੈ। ਸਪਾਇਰਲ ਬੇਟ ਹੋਣਾ ਚਾਹੀਦਾ ਹੈ, ਹੁੱਕ ਨਹੀਂ ਹੋਣੀ ਚਾਹੀਦਾ।

## ਫੜ੍ਹੇ ਗਏ ਪੋਸਮਾਂ ਨੂੰ ਛੱਡਣਾ

- ਸੂਰਜ ਡੁੱਬਣ ਤੋਂ ਬਾਅਦ ਫੜ੍ਹਨ ਦੇ ਦਿਨ ਫੜ੍ਹੇ ਕੀਤੇ ਗਏ ਪੋਸਮਾਂ ਨੂੰ ਉਸ ਸੰਪਤੀ ਤੇ ਛੱਡਣਾ ਚਾਹੀਦਾ ਹੈ ਜਿਸ ਤੇ ਉਹਨਾਂ ਨੂੰ ਫੜ੍ਹਿਆ ਗਿਆ ਹੈ ਜੋ ਕਿ 50 ਮੀਟਰ ਤੋਂ ਜ਼ਿਆਦਾ ਦੂਰ ਨਹੀਂ ਹੋਣੀ ਚਾਹੀਦੀ।
- ਬਰੱਸ਼ ਟੇਲ ਪੋਸਮ ਨੂੰ ਦੂਸਰੇ ਥਾਂ ਲਿਜਾਣਾ ਵਰਜਿਤ ਹੈ।
- ਭਾਵੇਂ ਤੁਹਾਡੀ ਸੰਪਤੀ ਤੇ ਪੋਸਮ ਨੂੰ ਛੱਡਣਾ ਮੁਮਕਿਨ ਨਹੀਂ ਹੈ, ਪਰ ਪੋਸਮਾਂ ਨੂੰ ਫੜ੍ਹਨ ਦੇ 24 ਘੰਟਿਆਂ ਦੇ ਵਿਚ ਵਿਚ ਫੜ੍ਹਨ ਵਾਲੇ ਵਿਅਕਤੀ ਦੇ ਖਰਚੇ ਤੇ ਇੱਕ ਰਜਿਸਟਰਡ ਪਸ਼ੂਆਂ ਦੇ ਡਾਕਟਰ ਦੁਆਰਾ ਉਚਿਤ ਢੰਗ ਦੇ ਨਾਲ ਮਾਰਨਾ ਚਾਹੀਦਾ ਹੈ।
- ਦਿਨ ਦੇ ਦੌਰਾਨ ਪੋਸਮਾਂ ਨੂੰ ਛੱਡਣ ਦੇ ਨਾਲ ਓਹਨਾ ਦੇ ਲਈ ਮੁਸ਼ਕਲ ਵਧਦੀ ਹੈ ਅਤੇ ਉਹਨਾਂ ਤੇ ਹਮਲਾ ਹੋਣ ਦਾ ਖਤਰਾ ਹੁੰਦਾ ਹੈ ਅਤੇ ਉਹ ਜਖਮੀ ਹੋ ਸਕਦੇ ਹਨ।

ਪੋਸਮਾਂ ਦੇ ਨਾਲ ਨਜਿੱਠਣ ਦੇ ਲਈ ਹੋਰ ਕੋਈ ਕਾਨੂੰਨੀ ਤਰੀਕਾ ਨਹੀਂ ਹੈ। ਇਹਨਾਂ ਨਿਯਮਾਂ ਵਿਚੋਂ ਕਿਸੇ ਨਿਯਮ ਨੂੰ ਵੀ ਤੋੜਨ ਦੇ ਨਾਲ $7,773 ਜੁਰਮਾਨਾ ਪੈ ਸਕਦਾ ਹੈ।

## ਪੋਸਮਾਂ ਨੂੰ ਦੂਸਰੇ ਥਾਂ ਭੇਜਣਾ

ਪੋਸਮਾਂ ਨੂੰ ਦੂਸਰੇ ਥਾਂ ਭੇਜਣਾ ਦੋਨੋਂ ਗੈਰ ਕਾਨੂੰਨੀ ਅਤੇ ਅਣਮਨੁੱਖੀ ਹੁੰਦਾ ਹੈ। ਡੀਕਿਨ ਯੂਨੀਵਰਿਸਟੀ ਦੁਆਰਾ ਇੱਕ ਅਧਿਐਨ ਨੇ ਇਹ ਦੱਸਿਆ ਹੈ ਕਿ ਪੋਸਮਾਂ ਨੂੰ ਦੂਸਰੇ ਥਾਂ ਭੇਜਣਾ ਉਹਨਾਂ ਦੇ ਲਈ ਖਤਰਾ ਹੋ ਸਕਦਾ ਹੈ।

### ਦੂਸਰੇ ਥਾਂ ਭੇਜੇ ਗਏ ਪੋਸਮਾਂ ਦੀ ਕਿਸਮਤ

ਮੈਲਬਰਨ ਵਿਚ ਡੀਕਿਨ ਯੂਨੀਵਰਿਸਟੀ ਦੇ ਅਧਿਐਨ (Pietsch 1994) ਨੇ ਇਹ ਦਰਸਾਇਆ ਹੈ ਕਿ ਦੂਸਰੇ ਥਾਂ ਭੇਜੇ ਗਏ ਆਮ ਬਰੱਸ਼ ਟੇਲ ਪੋਸਮ ਛੱਡਣ ਤੋਂ ਬਾਅਦ ਤਣਾਅ ਵਾਲੀਆਂ ਸਥਿਤੀਆਂ ਦੇ ਵਿਚ ਮਰ ਜਾਂਦੇ ਹਨ।

ਅਧਿਐਨ ਦੇ ਇੱਕ ਭਾਗ ਵਜੋਂ ਵਸਨੀਕ ਪੋਸਮਾਂ ਨੂੰ ਇੱਕ ਪ੍ਰਸਤਾਵਿਤ ਛੱਡਣ ਵਾਲੇ ਖੇਤਰ ਦੇ ਵਿਚ 13 ਹਫਤਿਆਂ ਦੇ ਦੌਰਾਨ ਵੇਖਿਆ ਗਿਆ ਸੀ।

ਇਸ ਸਮੇਂ ਦੇ ਦੌਰਾਨ ਕਿਸੇ ਵੀ ਪੋਸਮ ਦੀਆਂ ਲਾਸ਼ਾਂ, ਅੱਧ-ਪਚੱਧੇ ਸਰੀਰ ਜਾਂ ਜੱਤ ਦੇ ਟੁਕੜੇ ਨਹੀਂ ਮਿਲੇ ਸਨ।

ਉਸੇ ਖੇਤਰ ਦੇ ਵਿਚ ਦੂਸਰੀ ਜਗ੍ਹਾ ਭੇਜੇ ਗਏ ਸ਼ਹਿਰੀ ਪੋਸਮ ਦੇ ਛੱਡਣ ਤੋਂ ਬਾਅਦ ਖੋਜਕਰਤਾਵਾਂ ਨੇ ਇਹ ਰਿਕਾਰਡ ਕੀਤਾ ਹੈ ਕਿ ਕਈ ਸਾਰੀਆਂ ਪੋਸਮ ਦੀਆਂ ਜਾਤਾਂ ਅਤੇ ਅੱਠ ਪੋਸਮਾਂ ਦੇ ਟੁਕੜੇ ਅਤੇ ਬਾਕੀ ਸਰੀਰ ਮਿਲੇ ਸਨ ਜਿਹਨਾਂ ਨੂੰ ਲੋਮੜੀ ਦੁਆਰਾ ਮਾਰ ਦਿੱਤਾ ਗਿਆ ਸੀ।

ਦੂਜੇ 12 ਪੋਸਮ ਜਿਹਨਾਂ ਨੂੰ ਰੇਡੀਓ ਕਾਲਰ ਦੇ ਨਾਲ ਫਿੱਟ ਕੀਤਾ ਗਿਆ ਸੀ ਉਹਨਾਂ ਨੂੰ ਛੱਡਿਆ ਗਿਆ ਸੀ ਪਰ ਦੱਸ ਹਫਤਿਆਂ ਬਾਅਦ ਕੇਵਲ ਦੋ ਹੀ ਜੀਵਿਤ ਸਨ।

ਪਹਿਲੇ ਹਫਤੇ ਦੇ ਦੌਰਾਨ:

- ਹਿੰਸਕ ਜਾਨਵਰਾਂ ਦੁਆਰਾ ਚਾਰ ਮਾਰੇ ਗਏ ਸਨ, ਸ਼ਾਇਦ ਲੋਮੜੀਆਂ ਦੁਆਰਾ
- ਦੋ ਤਣਾਅ ਦੇ ਕਾਰਨ ਮਰ ਗਏ ਸਨ
- ਇੱਕ ਨੂੰ ਗੱਡੀ ਨੇ ਧੱਕਾ ਮਾਰਿਆ ਸੀ
- ਦੋ ਕਾਲਰਡ ਪੋਸਮ ਨਹੀਂ ਮਿਲੇ ਸਨ ਕਿਓਂਕਿ ਰੇਡੀਓ ਸਮੇਂ ਤੋਂ ਪਹਿਲਾਂ ਹੀ ਸਿਗਨਲ ਪ੍ਰਦਾਨ ਨਹੀਂ ਕਰ ਪਾ ਰਹੇ ਸਨ।

### ਦੂਸਰੇ ਥਾਂ ਭੇਜਣ ਦੇ ਨਾਲ ਮੁਸ਼ਕਲਾਂ

ਭਾਵੇਂ ਆਮ ਸਥਿਤੀਆਂ ਦੇ ਵਿਚ ਬਰੱਸ਼ ਟੇਲ ਪੋਸਮ ਜ਼ਮੀਨ ਦੇ ਸਤਰ ਤੇ ਨਹੀਂ ਸੌਂਦੇ ਹਨ, ਅਧਿਐਨ ਨੇ ਇਹ ਵਿਖਾਇਆ ਸੀ ਕਿ ਦੂਸਰੇ ਥਾਂ ਭੇਜੇ ਗਏ ਪੋਸਮ ਵਸਨੀਕ ਪੋਸਮਾਂ ਦੀ ਤੁਲਨਾ ਦੇ ਵਿਚ ਜ਼ਿਆਦਾ ਸਮਾਂ ਜ਼ਮੀਨ ਤੇ ਬਿਤਾਉਂਦੇ ਹਨ ਅਤੇ ਉਹਨਾਂ ਦੇ 68 % ਘੁਰਨੇ ਛੱਡਣ ਦੇ ਪਹਿਲੇ ਹਫਤੇ ਦੇ ਦੌਰਾਨ ਜ਼ਮੀਨ ਦੇ ਥੱਲੇ ਜਾਂ ਉੱਤੇ ਸਨ।

ਪ੍ਰਸਿੱਧ ਵਿਚਾਰ ਤੋਂ ਉਲਟ, ਛੱਡੇ ਗਏ ਜਾਨਵਰਾਂ ਦੇ ਵਿਚ ਘਰ ਨੂੰ ਵਾਪਸ ਮੁੜਨ ਦਾ ਕੋਈ ਵੀ ਸਬੂਤ ਨਹੀਂ ਸੀ।

ਵਿਸਰਜਨ ਬੇਤਰਤੀਬ ਦਿਸ਼ਾਵਾਂ ਦੇ ਵਿਚ ਸੀ। ਵਿਕਟੋਰੀਆ ਅਤੇ NSW ਦੇ ਵਿਚ ਆਮ ਰਿੰਗ ਟੇਲ ਪੋਸਮ ਦੇ ਅਧਿਐਨ ਨੇ ਡੀਕਿਨ ਵੱਲੋਂ ਸਮਾਨ ਨਤੀਜੇ ਵਿਖਾਏ ਗਏ ਹਨ।

ਸਾਫ ਤੌਰ ਤੇ, ਪੋਸਮਾਂ ਦਾ ਪ੍ਰਬੰਧ ਕਰਨ ਦੇ ਲਈ ਦੂਸਰੇ ਥਾਂ ਭੇਜਣਾ ਇੱਕ ਉਚਿਤ ਤਰੀਕਾ ਨਹੀਂ ਹੈ।.

## ਗਵਰਨਰ ਇਨ ਕੌਂਸਲ ਆਦੇਸ਼ 2003

ਡੀਕਿਨ ਯੂਨੀਵਰਿਸਟੀ ਅਧਿਐਨ ਦੀਆਂ ਖੋਜਾਂ ਦੇ ਇੱਕ ਨਤੀਜੇ ਦੇ ਤੌਰ ਤੇ ਵਾਤਾਵਰਣਕ ਅਤੇ ਪ੍ਰਾਇਮਰੀ ਇੰਡਸਟਰੀਆਂ ਦੇ ਪੁਰਾਣੇ ਵਿਭਾਗ (DEPI) ਨੇ ਇੱਕ ਗਵਰਨਰ ਇਨ ਕੌਂਸਲ ਆਰਡਰ ਡਰਾਫਟ ਕੀਤਾ ਸੀ ਜੋ ਪੋਸਮਾਂ ਨੂੰ ਦੂਸਰੀ ਜਗ੍ਹਾ ਭੇਜਣ ਨੂੰ ਵਰਜਿਤ ਕਰਦਾ ਹੈ।

ਇੱਕ ਗਵਰਨਰ ਇਨ ਕੌਂਸਲ ਆਦੇਸ਼ 8 ਜੁਲਾਈ 2003 ਨੂੰ ਬਣਾਇਆ ਗਿਆ ਸੀ ਅਤੇ 10 ਜੁਲਾਈ 2003 ਨੂੰ ਸਰਕਾਰੀ ਗਜ਼ਟ ਜੀ 28 ਪੰਨੇ 1766-67 ਤੇ ਪਰਕਾਸ਼ਤ ਕੀਤਾ ਗਿਆ ਸੀ।

ਇਹ ਆਦੇਸ਼ ਇਮਾਰਤਾਂ ਦੇ ਵਿਚ ਰਹਿਣ ਵਾਲੇ ਆਮ ਬਰੱਸ਼ ਟੇਲ ਪੋਸਮ ਨੂੰ ਫੜ੍ਹਨ ਦੀ ਮਨਜ਼ੂਰੀ ਪ੍ਰਦਾਨ ਕਰਦਾ ਹੈ ਤਾਂ ਜੋ ਉਹਨਾਂ ਨੂੰ ਉਸੇ ਸੰਪਤੀ ਤੇ ਛੱਡਿਆ ਜਾ ਸਕੇ ਜਾਂ ਜਾਨੋਂ ਮਾਰਨ ਦੇ ਲਈ ਦੇ ਲਈ ਇੱਕ ਰਜਿਸਟਰਡ ਪਸ਼ੂਆਂ ਦੇ ਡਾਕਟਰ ਕੋਲ ਲੈ ਕੇ ਜਾਇਆ ਜਾ ਸਕੇ।

ਦੂਜੇ ਸਥਾਨ ਤੱਕ ਪੋਸਮਾਂ ਨੂੰ ਭੇਜ ਦੇਣਾ ਵਰਜਿਤ ਹੈ ਕਿਉਂਕਿ ਖੋਜ ਨੇ ਦੱਸਿਆ ਹੈ ਕਿ ਉਹ ਨਵੇਂ ਅਤੇ ਅਨਜਾਣ ਵਾਤਾਵਰਨ ਦੇ ਵਿਚ ਨਹੀਂ ਰਹਿ ਸਕਦੇ ਹਨ ਅਤੇ ਛੱਡਣ ਤੋਂ ਕੁਝ ਦਿਨ ਬਾਅਦ ਹੀ ਮਰ ਜਾਂਦੇ ਹਨ।

ਇਸ ਆਦੇਸ਼ ਨੇ ਪੋਸਮ ਪ੍ਰਬੰਧ ਯੋਜਨਾ ਦੇ ਇੱਕ ਭਾਗ ਵਜੋਂ ਨਗਰ ਪਾਲਿਕਾ ਪਾਰਕਾਂ ਅਤੇ ਨਗਰ ਪਾਲਿਕਾ ਬਾਗਾਂ ਦੇ ਵਿਚ ਰਹਿਣ ਵਾਲੇ ਆਮ ਬਰੱਸ਼ ਟੇਲ ਪੋਸਮਾਂ ਨੂੰ ਫੜ੍ਹਨ ਦੀ ਅਨੁਮਤੀ ਪ੍ਰਦਾਨ ਕੀਤੀ ਹੈ ਜਿਸ ਵਿਚ ਪੋਸਮਾਂ ਦੇ ਤਹਿਤ ਬਿਨਾਂ ਜਾਨਲੇਵਾ ਉਪਾਅ ਸ਼ਾਮਲ ਹਨ ਅਤੇ ਇੱਕ ਵਪਾਰਕ ਜੰਗਲੀ ਜੀਵਾਂ (ਵਾਈਲਡ ਲਾਈਫ ਕੰਟਰੋਲਰ) ਲਸੰਸ 1 ਕਿਸਮ ਦੇ ਧਾਰਕ ਦੁਆਰਾ ਹੀ ਅਜਿਹਾ ਕੀਤਾ ਜਾ ਸਕਦਾ ਹੈ।

### ਹਵਾਲਾ

Pietsch, R.S. 1994. 'The fate of urban common brushtail possums translocated to sclerophyll forest', Serena, M. (ed.) Reintroduction biology of Australian and New Zealand fauna. Surrey Beatty & Sons, Chipping Norton.

## ਪੋਸਮਾਂ ਦਾ ਪ੍ਰਬੰਧ ਕਰਨ ਦੇ ਲਈ ਦੂਜੇ ਵਿਕਲਪ

### ਛੱਤਾਂ ਵਿੱਚ ਪੋਸਮ

ਪੋਸਮਾਂ ਨੂੰ ਆਪਣੀ ਛੱਤ ਤੇ ਆਉਣ ਤੋਂ ਰੋਕਣ ਦੇ ਲਈ ਰਾਤ ਦੇ ਸਮੇਂ ਤੇ ਪੋਸਮਾਂ ਨੂੰ ਲੱਭੋ ਅਤੇ ਉਹਨਾਂ ਦੇ ਰਸਤਿਆਂ ਨੂੰ ਰੋਕ ਦੇਵੋ

ਪੋਸਮਾਂ ਦੇ ਰਸਤਿਆਂ ਦੇ ਉਤੇ ਨਿਰਭਰ ਕਰਦੇ ਹੋਏ ਕੁਝ ਸੰਭਾਵਿਤ ਹੱਲਾਂ ਦੇ ਵਿਚ ਹੇਠ ਲਿਖੇ ਸ਼ਾਮਲ ਹਨ:

- ਉੱਤੇ ਇੱਕ ਕਬਜ਼ੇ ਦੇ ਨਾਲ ਧਾਤ ਜਾਂ ਪਲਾਸਟਿਕ ਤੋਂ ਇੱਕ ਪਾਸੇ ਖੁੱਲ੍ਹਣ ਵਾਲਾ ਤਖਤਾ ਬਣਾਓ। ਤਖਤੇ ਨੂੰ ਇਸ ਤਰ੍ਹਾਂ ਬਣਾਓ ਤਾਂ ਜੋ ਪੋਸਮ ਬਾਹਰ ਜਾ ਸਕਣ ਪਰ ਅੰਦਰ ਨਾ ਆ ਸਕਣ। ਤਖਤੇ ਨੂੰ ਧਾਤ ਨਾਲ ਢੱਕੋ ਤਾਂ ਜੋ ਪੋਸਮ ਦੇ ਪੰਜੇ ਵਿਚ ਨਾ ਫੱਸ ਜਾਣ।
- ਸਾਰੀਆਂ ਟਾਹਣੀਆਂ ਨੂੰ ਕੱਟ ਦੇਵੋ ਜੋ ਛੱਤ ਤੱਕ ਜਾਂਦੀਆਂ ਹਨ। ਛੱਤ ਦੇ ਆਸ ਪਾਸ ਘੱਟੋ ਘੱਟ 1.5 ਮੀਟਰ ਦਾ ਫਾਸਲਾ ਰੱਖੋ।
- ਆਪਣੀ ਵਰਤਮਾਨ ਪੇਲਿੰਗ ਵਾੜ ਦੇ ਉੱਤੇ ਇੱਕ 30 ਸੈਂਟੀ ਮੀਟਰ ਲਟਕਦੀ ਹੋਈ ਵਾੜ ਦਾ ਨਿਰਮਾਣ ਕਰੋ।
- ਰੁੱਖਾਂ ਦੀਆਂ ਤਣਿਆਂ ਦੇ ਦੁਆਲੇ ਹੱਸ ਲਗਾਓ ਜੋ ਛੱਤ ਤੱਕ ਜਾਣ ਦਾ ਰਸਤਾ ਦਿੰਦੀਆਂ ਹਨ। 60 ਸੈਂਟੀ ਮੀਟਰ ਚੌੜੇ ਸ਼ੀਟ ਧਾਤ ਜਾਂ ਪਲਾਸਟਿਕ ਦਾ ਇਸਤੇਮਾਲ ਕਰੋ ਅਤੇ ਜ਼ਮੀਨ ਤੋਂ 60 ਸੈਂਟੀ ਮੀਟਰ ਉਪਰ ਲਗਾਓ।
- ਪੋਸਮ ਤੋਂ ਬਚਾਅ ਵਾਲੀਆਂ ਟਰਾਂਸਮਿਸ਼ਨ ਕੇਬਲਾਂ ਵਾਸਤੇ ਸਲਾਹ ਦੇ ਲਈ ਆਪਣੀ ਬਿਜਲੀ ਅਤੇ ਦੂਰ ਸੰਚਾਰ ਕੰਪਨੀਆਂ ਦੇ ਨਾਲ ਸੰਪਰਕ ਕਰੋ।

## ਬਾਗਾਂ ਦੇ ਵਿਚ ਪੋਸਮ

ਜੇ ਤੁਹਾਡੇ ਬਾਗ ਦੇ ਵਿਚ ਪੋਸਮ ਸਜਾਵਟੀ ਪੌਦਿਆਂ ਜਾਂ ਫਲਾਂ ਨੂੰ ਖਰਾਬ ਕਰ ਰਹੇ ਹਨ ਤਾਂ ਤੁਸੀਂ:

- ਆਪਣੇ ਬਾਗ ਦੇ ਆਸ ਪਾਸ ਇੱਕ ਫਲਾਪੀ ਵਾੜ ਬਣਾ ਸਕਦੇ ਹੋ। ਇੱਕ 80 ਸੈਂਟੀ ਮੀਟਰ ਦੀ ਚੌੜੀ ਭਾਰੀ ਅਤੇ ਜਿਸਤਦਾਰ ਜਾਲੀ ਦਾ ਇਸਤੇਮਾਲ ਕਰੋ ਉਸਨੂੰ ਜ਼ਮੀਨ ਦੇ ਵਿਚ 20 ਸੈਂਟੀ ਮੀਟਰ ਥੱਲੇ ਦਬਾਓ ਅਤੇ ਬਾਕੀ ਨੂੰ ਲਚਕਦਾਰ, ਉੱਚੀ ਤਾਕਤਵਰ ਵਾੜ ਵਾਲੀ ਤਾਰ ਦੇ ਉਪਰ ਲਗਾਓ। ਉੱਤੇ ਵਾਲੇ ਹਿੱਸੇ ਨੂੰ ਟੇਢਾ ਕਰਨ ਦੇ ਲਈ ਬਾਹਰ ਵਾਲੇ ਪਾਸੇ ਤਾਰ ਨੂੰ ਮੋੜੋ। ਜਦੋਂ ਪੋਸਮ ਵਾੜ ਦੇ ਉੱਤੇ ਚੜ੍ਹਨ ਦੀ ਕੋਸ਼ਿਸ਼ ਕਰੇਗਾ ਤੇ ਉਹ ਪਿਛੇ ਵਾਲੇ ਪਾਸੇ ਟੇਢਾ ਹੋਵੇਗਾ ਅਤੇ ਪਿੱਛੇ ਡਿੱਗ ਜਾਵੇਗਾ।
- ਫਲਾਂ ਦੇ ਰੁੱਖਾਂ ਨੂੰ ਸੁਰੱਖਿਆ ਪ੍ਰਦਾਨ ਕਰਨ ਦੇ ਲਈ ਹੱਸਾਂ ਦਾ ਇਸਤੇਮਾਲ ਕਰੋ।

ਰਿਪੇਲੇਂਟ ਇੱਕ ਵਿਕਲਪ ਹਨ ਪਰ ਜਾਂਚ ਨੇ ਵਿਖਾਇਆ ਹੈ ਕਿ 15 ਆਮ ਰਿਪੇਲੇਂਟ ਦੇ ਵਿਚੋਂ ਕਿਸੇ ਨੇ ਵੀ ਠੀਕ ਤੌਰ ਤੇ ਪੋਸਮਾਂ ਨੂੰ ਨਹੀਂ ਰੋਕਿਆ ਹੈ ਜੋ ਰੁੱਖਾਂ ਜਾਂ ਫਲਾਂ ਨੂੰ ਖਰਾਬ ਕਰਦੇ ਹਨ।

ਕਈ ਤਰ੍ਹਾਂ ਦੀਆਂ ਵਪਾਰਕ ਪੋਸਮ ਰਿਪੇਲੇਂਟ ਮੌਜੂਦ ਹਨ:

ਪੋਸਮ ਰਿਪੇਲੇਂਟ ਤੱਥ ਸ਼ੀਟ ਪੜ੍ਹੋ

## ਪੋਸਮਾਂ ਦੇ ਆਲ੍ਹਣਿਆਂ ਵਾਲੇ ਡੱਬੇ

ਪੋਸਮਾਂ ਦੇ ਲਈ ਇੱਕ ਵਿਕਲਪ ਘੁਰਨਿਆਂ ਦੇ ਤੌਰ ਤੇ ਆਲ੍ਹਣਿਆਂ ਵਾਲੇ ਡੱਬੇ ਦਾ ਸੰਸਥਾਪਨ ਬਾਗਾਂ ਦੇ ਵਿਚ ਕੀਤਾ ਜਾ ਸਕਦਾ ਹੈ।

ਪੋਸਮ ਆਪਣੇ ਖੇਤਰ ਨੂੰ ਮੱਲ ਕੇ ਰਹਿਣ ਵਾਲੇ ਜਾਨਵਰ ਹੁੰਦੇ ਹਨ ਤੇ ਜੇ ਇੱਕ ਆਲ੍ਹਣਿਆਂ ਵਾਲੇ ਡੱਬੇ ਨੂੰ ਆਪਣਾ ਬਣਾ ਲੈਂਦਾ ਹੈ ਤੇ ਉਸ ਨਾਲ ਉਹ ਤੁਹਾਡੀ ਛੱਤ ਅਤੇ ਬਾਗ ਤੋਂ ਦੂਰ ਰਹਿਣਗੇ।

ਆਲ੍ਹਣਿਆਂ ਵਾਲੇ ਡੱਬੇ ਵਪਾਰਕ ਤੌਰ ਤੇ ਉਪਲਬਧ ਹੁੰਦੇ ਹਨ ਅਤੇ ਆਸਾਨੀ ਦੇ ਨਾਲ ਖਰਵੀ ਚੀਰੀ ਹੋਈ ਲੱਕੜ ਦੁਆਰਾ ਬਣਾਏ ਜਾ ਸਕਦੇ ਹਨ। ਨੈਸਟ ਬਾਕਸ 19-25 ਮਿਲੀਮੀਟਰ ਤੱਕ ਮੋਟੇ ਹੋਣੇ ਚਾਹੀਦੇ ਹਨ ਤਾਂ ਜੋ ਰੋਧਕ ਪ੍ਰਦਾਨ ਕੀਤੀ ਜਾ ਸਕੇ।

ਜ਼ਮੀਨ ਦੇ ਉੱਤੇ ਘੱਟੋ ਘੱਟ ਤਿੰਨ ਮੀਟਰ ਤੱਕ ਇੱਕ ਸੰਤੁਲਿਤ ਸਿੱਧੀ ਸਥਿਤੀ ਦੇ ਵਿਚ ਡੱਬੇ ਦਾ ਸੰਸਥਾਪਨ ਕਰੋ।

ਉਪਚਾਰ ਕੀਤੀ ਗਈ ਲੱਕੜੀ, ਖਤਰਨਾਕ ਰੰਗਾਂ, ਚਿੱਪ ਬੋਰਡ ਜਾਂ ਬਦਬੂਦਾਰ ਗੌਂਦ ਦਾ ਇਸਤੇਮਾਲ ਨਾ ਕਰੋ। ਇਹ ਸੁਨਿਸਚਿਤ ਕਰੋ ਕਿ ਕੋਈ ਤਿੱਖੇ ਕਿਨਾਰੇ ਨਹੀਂ ਹਨ ਜਾਂ ਬਾਹਰ ਨਿਕਲੇ ਹੋਏ ਕਿੱਲ ਅਤੇ ਪੇਚ ਨਹੀਂ ਹਨ।

ਨਿਯਮਿਤ ਤੌਰ ਤੇ ਆਲ੍ਹਣਿਆਂ ਵਾਲੇ ਡੱਬੇ ਦੀ ਜਾਂਚ ਕਰੋ ਅਤੇ ਕਿਸੇ ਵੀ ਆਲ੍ਹਣਿਆਂ ਵਾਲੀ ਸਮੱਗਰੀ ਨੂੰ ਹਟਾ ਦੇਵੋ ਜੋ ਪੰਛੀ ਛੱਡ ਜਾਂਦੇ ਹਨ ਜਿਵੇਂ ਕਿ ਮੈਨਾ, ਚਿੜੀਆਂ ਜਾਂ ਸਟਾਰਲਿੰਗ।

ਜੇ ਤੁਹਾਨੂੰ ਸਹਿਯੋਗ ਦੀ ਲੋੜ ਹੈ, ਕਿਰਪਾ ਕਰਕੇ ਅਨੁਵਾਦ ਅਤੇ ਦੋਭਾਸ਼ੀਏ ਦੇ ਸਹਿਯੋਗ ਦੇ ਲਈ ਅਨੁਵਾਦ ਅਤੇ ਦੋਭਾਸ਼ੀਆ ਸੇਵਾ (TIS) ਦੇ ਨਾਲ ਸੰਪਰਕ ਕਰੋ।

131 450 ਤੇ TIS National ਦੇ ਨਾਲ ਸੰਪਰਕ ਕਰੋ (ਆਸਟਰੇਲੀਆ ਦੇ ਵਿਚ) ਜਾਂ www.tisnational.gov.au/ਤੇ ਜਾਓ।